## Press Note

**JAGAT GURU NANAK DEV PUNJAB STATE OPEN UNIVERSITY**
**PATIALA**
(Established by Act No.19 of 2019 of Legislature of the State of Punjab)

PSOU/PRO/2024/117 09 ਅਕਤੂਬਰ 2024

### JGND PSOU ਕੰਪਿਊਟਰ ਸਾਇੰਸ ਵਿਭਾਗ ਦਾ ਇੰਡਕਸ਼ਨ ਪ੍ਰੋਗਰਾਮ
### 09 ਅਕਤੂਬਰ 2024

ਸਕੂਲ ਆਫ ਸਾਇੰਸਸ ਐਂਡ ਇਮਰਜਿੰਗ ਟੈਕਨੋਲਜੀਸ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਜੁਲਾਈ 2024 ਸੈਸ਼ਨ ਦੇ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ 09 ਅਕਤੂਬਰ 2024 ਨੂੰ ਕੀਤਾ ਗਿਆ। ਇਸ ਪ੍ਰੋਗਰਾਮ ਦਾ ਆਯੋਜਨ ਮਾਣਯੋਗ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ। ਇਸ ਮੌਕੇ ਪ੍ਰੋ. ਬਲਜੀਤ ਸਿੰਘ ਖਹਿਰਾ, ਮੁਖੀ, ਸਕੂਲ ਆਫ ਸਾਇੰਸਸ ਐਂਡ ਇਮਰਜਿੰਗ ਟੈਕਨੋਲਜੀਸ ਪ੍ਰੋ. ਗੁਰਦੀਪ ਸਿੰਘ ਬੱਤਰਾ, ਡੀਨ ਅਕੈਡਮਿਕ ਮਾਮਲੇ ਨੇ ਇਸ ਪ੍ਰੋਗਰਾਮ ਦੀ ਅਗਵਾਈ ਕੀਤੀ। ਪ੍ਰੋ. ਕੰਵਲਵੀਰ ਸਿੰਘ ਢੀਂਡਸਾ ਕੰਟਰੋਲਰ ਪ੍ਰੀਖਿਆਵਾਂ, ਨੇ ਮੋਡਿਊਲ ਆਫ ਇਗਜਾਮੀਨੇਸ਼ਨ ਬਾਰੇ ਜਾਣਕਾਰੀ ਦਿੱਤੀ । ਡਾ. ਮੋਨਿਕਾ ਦੁਆਰਾ ਅਸਾਈਨਮੈਂਟ ਬਾਰੇ ਵਿਸਥਾਰ ਨਾਲ ਸਮਝਾਇਆ । ਡਾ. ਗੌਰਵ ਧੀਮਾਨ ਨੇ ਸਕੂਲ ਆਫ ਸਾਇੰਸਸ 'ਚ ਚੱਲ ਰਹੇ ਪ੍ਰੋਗਰਾਮਸ ਅਤੇ ਕੋਰਸ ਕੁਆਰਡੀਨੇਟਰਸ ਨਾਲ ਜਾਣ ਪਛਾਣ ਕਰਵਾਈ । ਡਾ. ਅਮਿਤੋਜ ਸਿੰਘ, ਡਾਇਰੈਕਟਰ CITS ਵੱਲੋਂ ਨੇ Learning Study Material (LSM) ਅਤੇ ਆਨਲਾਈਨ ਡਿਸਟੈਂਸ ਲਰਨਿੰਗ (ODL) ਬਾਰੇ ਜਾਣਕਾਰੀ ਦਿੱਤੀ । ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਲਈ ਵਿਸ਼ੇਸ਼ ਵੀਡੀਓ ਲੈਕਚਰ ਵੀ ਉਪਲਬਧ ਹਨ। ਮੈਡਮ ਸੁਖਪ੍ਰੀਤ ਕੌਰ ਸਹਾਇਕ ਪ੍ਰੋਗਰਾਮਰ ਨੇ ਵਿਦਿਆਰਥੀ ਨੂੰ Study Learning Material (SLM), ਅਸਾਈਨਮੈਂਟਸ ਬਾਰੇ ਦੱਸਿਆ। ਸ੍ਰੀ ਗੁਰਸਿਮਰ ਸਿੰਘ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਡਿਜ਼ੀਟਲ DEB ID ਅਤੇ ABC ID ਪ੍ਰਕਿਰਿਆ ਬਾਰੇ ਵੀ ਜਾਣਕਾਰੀ ਦਿੱਤੀ ਗਈ। ਡਾ. ਮੋਨਿਕਾ ਦੁਆਰਾ ਪ੍ਰੋਗਰਾਮ ਸੰਚਾਲਿਤ ਕੀਤਾ ਗਿਆ । ਡਾ. ਕਰਨ ਸੁਖੀਜਾ ਨੇ ਸਾਰੇ ਵਿਦਿਆਰਥੀਆਂ ਅਤੇ ਸਟਾਫ਼ ਦਾ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਧੰਨਵਾਦ ਕੀਤਾ । ਪ੍ਰੋਗਰਾਮ ਦੇ ਅੰਤ ਵਿੱਚ ਵਿਦਿਆਰਥੀਆਂ ਦੀ ਪੁੱਛ-ਗਿਛ ਦੇ ਸਵਾਲਾਂ ਦਾ ਜਵਾਬ ਮੌਕੇ ਤੇ ਹੱਲ ਕੀਤਾ ਗਿਆ ।

09/10/24
ਡਾਇਰੈਕਟਰ
ਲੋਕ ਸੰਪਰਕ ਸੈਲ

Director-Public Relations Cell
Jagat Guru Nanak Dev
Punjab State Open University
Patiala – 147001(Pb) INDIA

## Photos







## Links

https://www.instagram.com/p/DA71vtWow1V/?hl=en&img_index=1

https://m.facebook.com/story.php?story_fbid=pfbid02STRBmfQKcEEun8vDw5QmFEujySzqRAciN2o2cdRmGLM7LYrLDGquNkGGCQ11fxY7l&id=61550941991641&mibextid=ZbWKwL